
## ਪਾਠ - 2
## ਪੇਮੀ ਦੇ ਨਿਆਣੇ (ਲੇਖਕ-ਪ੍ਰਿੰ. ਸੰਤ ਸਿੰਘ ਸੇਖੋਂ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?**

ਉੱਤਰ : ਲੇਖਕ ਅਤੇ ਉਸ ਦੀ ਭੈਣ ਨੂੰ ਹਰ ਰੋਜ਼ ਇੱਕ ਵਾਰੀ ਡਰਾਉਣੀ ਜਰਨੈਲੀ ਸੜਕ ਪਾਰ ਕਰ ਕੇ ਬਾਪੂ ਅਤੇ ਕਾਮੇ ਨੂੰ ਰੋਟੀ ਫੜਾਉਣ ਲਈ ਖੇਤ ਵਿੱਚ ਜਾਣਾ ਪੈਂਦਾ ਸੀ।

**ਪ੍ਰਸ਼ਨ ਅ. ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ?**

ਉੱਤਰ : ਬੱਚਿਆਂ ਨੂੰ ਜਰਨੈਲੀ ਸੜਕ ਨੂੰ ਪਾਰ ਕਰਨਾ ਭੈ-ਸਾਗਰ ਲੱਗਦਾ ਸੀ, ਕਿਉਂਕਿ ਉਸ ਉੱਤੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰਨਾਂ ਪ੍ਰਦੇਸੀਆਂ ਦਾ ਕਾਫ਼ੀ ਲਾਂਘਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਰਾਸ਼ਿਆਂ ਤੋਂ ਡਰ ਆਉਂਦਾ ਰਹਿੰਦਾ ਸੀ।

**ਪ੍ਰਸ਼ਨ ੲ. ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਤੇ ਕਿਹੜੀਆਂ ਨੂੰ ਸੁਰਗ ਆਖਦਾ ਹੈ?**

ਉੱਤਰ : ਲੇਖਕ ਖੇਡ ਨੂੰ ਸੁਰਗ ਆਖਦਾ ਹੈ, ਸਭ ਤੋਂ ਵੱਡਾ ਨਰਕ ਉਨ੍ਹਾਂ ਲਈ ਮਦਰੱਸਾ (ਸਕੂਲ) ਸੀ। ਭਾਂਵੇ ਖੇਤ ਉਹਨਾਂ ਲਈ ਸੁਰਗ ਸੀ ਪਰ ਖੇਤ ਰੋਟੀ ਦੇਣ ਜਾਣ ਲਈ ਉਨ੍ਹਾਂ ਨੂੰ ਨਰਕ ਵਿੱਚੋਂ ਲੰਘਣਾ ਪੈਂਦਾ।

**ਪ੍ਰਸ਼ਨ ਸ. ਲੇਖਕ ਅਤੇ ਉਸ ਦੀ ਭੈਣ ਨੂੰ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ?**

ਉੱਤਰ : ਲੇਖਕ ਅਤੇ ਉਸ ਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਪਹਿਲਾਂ ਕਹਾਣੀ ਸੁਣਾਉਣ ਅਤੇ ਫਿਰ 'ਵਾਹਿਗੁਰੂ' ਦੇ ਨਾਂ ਦਾ ਸਹਾਰਾ ਲੈਣ ਦਾ ਤਰੀਕਾ ਸੋਚਿਆ।

**ਪ੍ਰਸ਼ਨ ਹ. ਭੈਣ-ਭਰਾ ਸੜਕ ਪਾਰ ਕਰਨ ਵਿੱਚ ਕਿਵੇਂ ਸਫ਼ਲ ਹੋਏ?**

ਉੱਤਰ : ਅੰਤ ਜਦੋਂ ਭੈਣ-ਭਰਾ ਦੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਦੇ ਸਾਰੇ ਤਰੀਕੇ ਫੇਲ੍ਹ ਹੋ ਗਏ, ਤਾਂ ਉਹ ਆਪਣੀ ਮਾਂ 'ਪੇਮੀ' ਦਾ ਨਾਂ ਲੈ ਕੇ ਸੜਕ ਪਾਰ ਕਰਨ ਵਿੱਚ ਸਫ਼ਲ ਹੋ ਗਏ।

### 2. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਬੀਰ | : | ਵੀਰ, ਭਰਾ |
| ਪਠੋਰੇ | : | ਮੇਮਣੇ, ਲੇਲੇ, ਛੇਲੇ |
| ਵਾਕੁਰ | : | ਵਾਂਗ |
| ਭੈ-ਸਾਗਰ | : | ਭਵ-ਸਾਗਰ, ਸੰਸਾਰ |
| ਮਦਰਸਾ | : | ਸਕੂਲ, ਪਾਠਸ਼ਾਲਾ |
| 'ਕਰਾਰ | : | ਇਕਰਾਰ, ਕੌਲ, ਪ੍ਰਣ, ਵਚਨ |
| ਠਠੰਬਰ ਕੇ | : | ਡੌਰ-ਭੌਰ ਹੋ ਕੇ, ਡਰ ਕੇ |
| ਘਮਾਉਂ ਕੁ | : | ਘੁਮਾਂ ਕੁ, ਅੱਠ ਕਨਾਲ਼ ਥਾਂ |
| ਸੂਫ਼ | : | ਕਾਲ਼ੇ ਰੰਗ ਦਾ ਕੱਪੜਾ |
| ਵਾਸਕਟ | : | ਫ਼ਤੂਹੀ, ਕੋਟੀ (ਬਿਨਾਂ ਬਾਹਾਂ ਤੋਂ) |
| ਭਲੱਪਣ | : | ਭਲਿਆਈ, ਭਲਾਮਾਣਸੀ |
| ਬੇਕਰਾਰ | : | ਬੇਚੈਨ, ਵਿਆਕਲ |
| ਢਾਰਸ | : | ਦਿਲਾਸਾ, ਧੀਰਜ, ਤਸੱਲੀ |

### 3. ਵਾਕਾਂ ਵਿੱਚ ਵਰਤੋਂ :

1. **ਮੁਸ਼ਕਲ ਘਾਟੀ** (ਔਖਾ ਕੰਮ)- ਭੈਣ-ਭਰਾ ਨੂੰ ਡਰਾਉਣੀ ਜਰਨੈਲੀ ਸੜਕ ਨੂੰ ਪਾਰ ਕਰਨਾ ਇੱਕ ਮੁਸ਼ਕਲ ਘਾਟੀ ਪ੍ਰਤੀਤ ਹੁੰਦਾ ਸੀ।
2. **ਸ਼ਰਨ** (ਆਸਰਾ)- ਗੁਰੂ-ਘਰ ਵਿੱਚ ਹਰ ਇੱਕ ਨੂੰ ਸ਼ਰਨ ਮਿਲਦੀ ਹੈ।
3. **ਮੰਤਵ** (ਉਦੇਸ਼)- ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੰਤਵ ਦੇਸ ਅਜ਼ਾਦ ਕਰਵਾਉਣਾ ਸੀ।
4. **ਰੁਝੇਵੇਂ** (ਕੰਮ)- ਬੰਦਾ ਮੁੱਕ ਜਾਂਦਾ ਪਰ ਉਸ ਦੇ ਰੁਝੇਵੇਂ ਨਹੀਂ ਮੁੱਕਦੇ।
5. **ਗੁਸਤਾਖ਼ੀ** (ਸ਼ਰਾਰਤ)- ਮੋਹਨ ਨੇ ਸਕੂਲ ਵਿੱਚ ਅਨੁਸ਼ਾਸ਼ਨ ਤੋੜਣ ਦੀ ਗੁਸਤਾਖ਼ੀ ਕੀਤੀ ਤਾਂ ਉਸ ਨੂੰ ਅਧਿਆਪਕ ਵਲੋਂ ਸਜ਼ਾ ਮਿਲੀ।
6. **ਦਿਲਾਸਾ** (ਧੀਰਜ)- ਹਾਰ ਚੁੱਕੇ ਵਿਅਕਤੀ ਨੂੰ ਵੀ ਦਿਲਾਸਾ ਮਿਲ਼ਨ ਤੇ ਮਿਹਨਤ ਕਰਨ ਦੀ ਪ੍ਰੇਰਨਾ ਮਿਲਦੀ ਹੈ।
7. **ਠਠੰਬਰ ਕੇ** (ਡਰ ਕੇ)- ਰਾਸ਼ੇ ਵਰਗਾ ਆਦਮੀ ਦੇਖ ਕੇ ਭੈਣ-ਭਰਾ ਠਠੰਬਰ ਕੇ ਖਲੋ ਗਏ।
8. **ਘਾਤ ਲਾਈ ਖਲੋਤਾ** (ਹਮਲਾ ਕਰਨ ਲਈ ਉਹਲੇ ਵਿੱਚ ਬੈਠਾ)- ਪੁਲਿਸ ਚੋਰ ਨੂੰ ਫੜਨ ਲਈ ਘਾਤ ਲਾਈ ਬੈਠੀ ਸੀ।